This question paper contains 3 printed pages]

**Roll No.** | | | | | | | | | | | |

S. No. of Question Paper : **1558**

Unique Paper Code : **212202** **D**

Name of the Paper : **VI : Puratan Ate Naveen Punjabi Vaartak**

Name of the Course : **B.A. (Hons.) Punjabi**

Semester : **II**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਨੋਟ :** ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਹਰ ਭਾਗ ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

**ਭਾਗ ਪਹਿਲਾ**

1. ਪੁਰਾਤਨ ਵਾਰਤਕ ਨਾਲ ਸੰਬੰਧਿਤ ਪ੍ਰਮੁੱਖ ਰੂਪਾਕਾਰਾਂ ਬਾਰੇ ਜਾਣ-ਪਛਾਣ ਕਰਾਓ। 15

**ਜਾਂ**

ਗੁਰੂ ਨਾਨਕ ਦੇਵ ਜੀ ਦਾ ਬਿੰਬ ਅਤੇ ਸ਼ਖਸੀਅਤ ਪੁਰਾਤਨ ਪੰਜਾਬੀ ਵਾਰਤਕ ਦੇ ਵਿਕਾਸ ਦਾ ਸਰੋਤ ਕਿਵੇਂ ਬਣਦੀ ਹੈ? ਚਰਚਾ ਕਰੋ।

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਪ੍ਰਸ਼ਨ ਕਰਨੇ ਜ਼ਰੂਰੀ ਹਨ: 2×5=10

   i) 'ਕਥਾਵਾਂ ਅਤੇ ਮਸਲੇ' ਦੀ ਪਰਿਭਾਸ਼ਾ ਦਿੰਦਿਆਂ ਇਨ੍ਹਾਂ ਵਿਚਲਾ ਅੰਤਰ ਸਪੱਸ਼ਟ ਕਰੋ।

   ii) ਗੋਸ਼ਟ ਪਰੰਪਰਾ ਤੋਂ ਕੀ ਭਾਵ ਹੈ? ਆਪਣੀ ਪਾਠ-ਪੁਸਤਕ ਵਿਚ ਸ਼ਾਮਿਲ ਗੋਸ਼ਟਾਂ ਦੇ ਨਾਮ ਲਿਖੋ।

   iii) ਪੁਰਾਤਨ ਵਾਰਤਕ ਦੇ ਵਿਸ਼ਾ-ਵਸਤੂ 'ਤੇ ਵਿਚਾਰ ਕਰੋ।

   iv) ਪਰਚੀਆਂ ਤੋਂ ਕੀ ਭਾਵ ਹੈ?

## ਭਾਗ ਦੂਜਾ

3. 'ਵੀਹਵੀਂ/ਇੱਕੀਵੀਂ ਸਦੀ ਦੇ ਸੁਰ-ਅਲਾਪ' ਪੁਸਤਕ ਦੀ ਭੂਮਿਕਾ ਦੇ ਆਧਾਰ 'ਤੇ ਵਾਰਤਕ ਦੇ ਵਿਕਾਸ ਬਾਰੇ ਜਾਣਕਾਰੀ ਦਿਓ। 15

**ਜਾਂ**

ਹੇਠ ਦਿਤੇ ਲੇਖਾਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ ਅਧਿਐਨ ਕਰੋ:

i) ਕਾਅਬੇ ਦੇ ਚਰਨਾਂ ਮਗਰ ਫਿਰਨ ਬਾਬਤ

ii) ਜੇਲ੍ਹ ਜੀਵਨ

iii) ਕਬੂਤਰੀ ਸ਼ਹਿਜ਼ਾਦੀ

iv) ਹਵਾ ਦਾ ਰੁਖ਼

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਪ੍ਰਸ਼ਨ ਕਰੋ: 2×5=10

i) 'ਕਬੂਤਰੀ ਸ਼ਹਿਜ਼ਾਦੀ' ਵਿਚ 'ਕਬੂਤਰੀ' ਕਿਸ ਦਾ ਪ੍ਰਤੀਕ ਹੈ?

ii) ਰੇਖਾ-ਚਿੱਤਰ ਕੀ ਹੁੰਦਾ ਹੈ? ਬਲਵੰਤ ਗਾਰਗੀ ਦੇ ਲੇਖ 'ਸਹਿਗਲ' ਨੂੰ ਇਕ ਰੇਖਾ-ਚਿੱਤਰ ਦੇ ਤੌਰ 'ਤੇ ਪਰਖੋ।

iii) 'ਗੁਰਬਾਣੀ ਦੇ ਅਰਥਾਂ ਦਾ ਮਸਲਾ' ਨਿਬੰਧ ਦੇ ਆਧਾਰ 'ਤੇ ਜਸਵੰਤ ਸਿੰਘ ਨੇਕੀ ਦੀ ਵਾਰਤਕ ਕਲਾ ਬਾਰੇ ਵਿਚਾਰ ਕਰੋ।

iv) ਨਰਿੰਦਰ ਸਿੰਘ ਕਪੂਰ 'ਝੂਠ ਅਤੇ ਸੱਚਾਈ' ਨਿਬੰਧ ਵਿਚ ਮਨੁੱਖੀ ਮਨੋ-ਵਿਗਿਆਨ ਨੂੰ ਕਿਵੇਂ ਬਿਆਨ ਕਰਦਾ ਹੈ?

## ਭਾਗ ਤੀਜਾ

5. ਸਵੈ-ਜੀਵਨੀ ਕੀ ਹੁੰਦੀ ਹੈ? ਸਵੈ-ਜੀਵਨੀ ਸਾਹਿਤ ਰੂਪ ਦੇ ਆਧਾਰ 'ਤੇ 'ਜੀਣਾ ਵੀ ਇਕ ਅਦਾ ਹੈ' ਪੁਸਤਕ ਨੂੰ ਵਿਚਾਰੋ। 15

**ਜਾਂ**

ਪ੍ਰਭਜੋਤ ਕੌਰ ਦੀ ਸਵੈ-ਜੀਵਨੀ ਨੂੰ ਨਾਰੀਵਾਦੀ ਦ੍ਰਿਸ਼ਟੀ ਤੋਂ ਵਿਚਾਰੋ।

6. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਦੋ** ਦੇ ਉੱਤਰ ਦਿਓ: 2×5=10

i) ਕੋਈ ਪੰਜ ਨਾਰੀ ਸਵੈ-ਜੀਵਨੀਕਾਰਾਂ ਅਤੇ ਉਨ੍ਹਾਂ ਦੀਆਂ ਸਵੈ-ਜੀਵਨੀਆਂ ਦੇ ਨਾਂ ਲਿਖੋ।

ii) ਪ੍ਰਭਜੋਤ ਕੌਰ ਨੇ ਆਪਣੀ ਸਵੈ-ਜੀਵਨੀ ਵਿਚ ਆਪਣੇ ਦਾਦਾ-ਦਾਦੀ ਬਾਰੇ ਕੀ ਲਿਖਿਆ ਹੈ?

iii) 'ਬੰਨੂ' ਜਾਂ 'ਇਸ ਦਾ ਕਾਰਣ' ਕਹਾਣੀ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

iv) ਪ੍ਰਭਜੋਤ ਕੌਲ ਵਲੋਂ ਆਪਣੀ ਸਵੈ-ਜੀਵਨੀ ਵਿਚ ਲਿਖੀਆਂ ਸਾਹਿਤਕ ਸਰਗਰਮੀਆਂ ਬਾਰੇ ਚਰਚਾ ਕਰੋ।